ਸਭਿਆਚਾਰਕ ਅਤੇ ਭਾਸ਼ਾਈ ਤੌਰ ‘ਤੇ ਭਿੰਨ (CALD) ਭਾਈਚਾਰਿਆਂ ਲਈ ਸ਼ੁਰੂਆਤੀ ਬਚਪਨ ਵਿੱਚ ਸ਼ਮੂਲੀਅਤ ਕਰਾਉਣ ਬਾਰੇ ਜਾਂਚ-ਪੜਤਾਲ

ਵਿਕਟੋਰੀਆ ਦੀ ਸੰਸਦ ਸਭਿਆਚਾਰਕ ਤੌਰ ‘ਤੇ ਭਿੰਨ ਪਰਿਵਾਰਾਂ ਦੇ ਸ਼ੁਰੂਆਤੀ ਬਚਪਨ ਵਿੱਚ ਸ਼ਮੂਲੀਅਤ ਕਰਾਉਣ ਬਾਰੇ ਜਾਂਚ-ਪੜਤਾਲ ਕਰ ਰਹੀ ਹੈ।

ਸ਼ੁਰੂਆਤੀ ਬਚਪਨ ਵਿੱਚ ਸ਼ਮੂਲੀਅਤ 0 ਤੋਂ 8 ਸਾਲ ਦੀ ਉਮਰ ਦੇ ਬੱਚਿਆਂ ਲਈ ਹੁੰਦੀ ਹੈ ਅਤੇ ਇਸ ਵਿੱਚ ਸਿਹਤ, ਸਿੱਖਿਆ, ਚਾਇਲਡਕੇਅਰ, ਪਲੇ ਗਰੁਪਸ, ਪਰਿਵਾਰਕ ਕੇਂਦਰ, ਖੇਡਕੂਦ ਅਤੇ ਮਨੋਰੰਜਨ, ਅਤੇ ਸਥਾਨਕ ਲਾਇਬ੍ਰੇਰੀਆਂ ਨਾਲ ਸੰਬੰਧਤ ਪ੍ਰੋਗ੍ਰਾਮ ਅਤੇ ਸੇਵਾਵਾਂ ਸ਼ਾਮਿਲ ਹੋ ਸਕਦੀਆਂ ਹਨ।

ਅਸੀਂ ਹੇਠਾਂ ਬਾਰੇ ਤੁਹਾਡੇ ਤਜਰਬੇ ਅਤੇ ਵਿਚਾਰ ਜਾਣਨਾ ਚਾਹੁੰਦੇ ਹਾਂ:

- ਤੁਸੀਂ ਕਿਹੜੀਆਂ ਸੇਵਾਵਾਂ ਦੀ ਵਰਤੋਂ ਕਰਦੇ ਹੋ? (ਕੁੱਝ ਉਦਾਹਰਨਾਂ ਹਨ: ਹੈਲਥ ਨਰਸਾਂ, ਕਿੰਡਰ, ਪਲੇਗਰੁਪ)
- ਇਨ੍ਹਾਂ ਸੇਵਾਵਾਂ ਨਾਲ ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਨੂੰ ਕਿਵੇਂ ਫਾਇਦਾ ਮਿਲਦਾ ਹੈ?
- ਇਨ੍ਹਾਂ ਸੇਵਾਵਾਂ ਵਿੱਚ ਸੁਧਾਰ ਕਿਵੇਂ ਕੀਤਾ ਜਾ ਸਕਦਾ ਹੈ?
- ਕੀ ਤੁਹਾਨੂੰ ਇਨ੍ਹਾਂ ਸੇਵਾਵਾਂ ਬਾਰੇ ਲੋੜੀਂਦੀ ਜਾਣਕਾਰੀ ਮਿਲਦੀ ਹੈ?
- ਕਿਹੜੀ ਚੀਜ਼ ਤੁਹਾਨੂੰ ਇਨ੍ਹਾਂ ਸੇਵਾਵਾਂ ਵਿੱਚ ਭਾਗ ਲੈਣ ਤੋਂ ਰੋਕਦੀ ਹੈ?
- ਤੁਹਾਡੇ ਛੋਟੇ ਬੱਚਿਆਂ ਲਈ ਤੁਹਾਨੂੰ ਹੋਰ ਕਿਹੜੀ ਸਹਾਇਤਾ ਦੀ ਲੋੜ ਹੈ?
- ਤੁਹਾਡਾ ਬੱਚਾ ਅਤੇ ਪਰਿਵਾਰ ਸਥਾਨਕ ਭਾਈਚਾਰੇ ਨਾਲ ਕਿਵੇਂ ਜੁੜ੍ਹਿਆ ਮਹਿਸੁਸ ਕਰਦਾ ਹੈ?

ਨਿਵੇਦਨ (ਸਬਮੀਸ਼ਨ) ਵਿੱਚ ਇਨ੍ਹਾਂ ਵਿਚੋਂ ਕੋਈ ਜਾਂ ਸਾਰੇ ਸਵਾਲ ਸ਼ਾਮਿਲ ਹੋ ਸਕਦੇ ਹਨ।

ਨਿਵੇਦਨ ਦੇਣ ਬਾਰੇ ਵਧੇਰੀ ਜਾਣਕਾਰੀ ਲਈ, ਇਹ ਵੈੱਬਸਾਈਟ ਵੇਖੋ: **parliament.vic.gov.au/caldchildinquiry**

ਨਿਵੇਦਨ **11 ਅਕਤੂਬਰ 2019** ਤਕ ਕੀਤੇ ਜਾ ਸਕਦੇ ਹਨ।

ਜੇਕਰ ਤੁਹਾਨੂੰ ਅੰਗਰੇਜ਼ੀ ਲਿੱਖਣ ਵਿੱਚ ਮਦਦ ਦੀ ਲੋੜ ਹੈ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਕ੍ਰਿਪਾ ਕਰਕੇ **caldchildinquiry@parliament.vic.gov.au** ਤੇ ਈਮੇਲ ਕਰਕੇ ਜਾਂ **(03) 8682 2846** ਤੇ ਫੋਨ ਕਰਕੇ ਸਾਡੇ ਨਾਲ ਸੰਪਰਕ ਕਰੋ ।

ਸਾਰੇ ਨਿਵੇਦਨਾਂ ਨੂੰ ਜਨਤਕ ਦਸਤਾਵੇਜ਼ ਮੰਨਿਆ ਜਾਂਦਾ ਹੈ ਬਸ਼ਰਤੇ ਕਿ ਗੋਪਨੀਯਤਾ ਰੱਖਣ ਦੀ ਬਿਨਤੀ ਕੀਤੀ ਗਈ ਹੋਵੇ ਅਤੇ ਇਸ ਬਿਨਤੀ ਦੀ ਮਨਜ਼ੂਰੀ ਦਿੱਤੀ ਗਈ ਹੋਵੇ।